# ਭਾਜਪਾ ਦੀ ਨਜ਼ਰ ਹੁਣ ਦਲਿਤਾਂ, ਆਦਿਵਾਸੀਆਂ ਤੇ ਘੱਟ ਗਿਣਤੀਆਂ ਵੱਲ !

☛ ਗਡਕਰੀ ਦਲਿਤਾਂ ਨੂੰ ਲੁਭਾਉਣ ਲਈ ਰਾਹੁਲ ਗਾਂਧੀ ਵਾਂਗ ਖੇਖਣ ਕਰਨ ਲੱਗੇ ☛ ਰਾਮ ਮੰਦਰ ਦਾ ਮੁੱਦਾ ਉਭਾਰਦਿਆਂ ਮੁਸਲਮਾਨਾਂ ਨੂੰ ਦਿੱਤੀ ਮਿੱਠੀ ਗੋਲੀ ਕਿ ਮੰਦਰ ਮੁਸਲਮਾਨ ਬਣਾਉਣ ਤੇ ਹਿੰਦੂ ਮਸਜਿਦ ਬਣਾਉਣਗੇ ☛ ਬਾਬਰੀ ਮਸਜਿਦ ਦੀ ਉਸਾਰੀ ਬਾਰੇ ਗਡਕਰੀ ਦੇ ਬਿਆਨ ਤੋਂ ਬਾਲ ਠਾਕਰੇ ਹੋਏ ਅੱਗ ਬਬੂਲਾ



ਚੰਡੀਗੜ੍ਹ-ਭਾਰਤੀ ਜਨਤਾ ਪਾਰਟੀ ਨੇ ਦੋ ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਹੁਣ ਨਵੇਂ ਪੈਂਤੜੇ ਅਪਨਾਉਣ ਦਾ ਫੈਸਲਾ ਕੀਤਾ ਹੈ। ਕਾਂਗਰਸ ਦੇ ਰਾਹੁਲ ਗਾਂਧੀ ਵਾਂਗ ਡਰਾਮਾ ਰਚਦਿਆਂ ਭਾਜਪਾ ਦੇ ਬਣੇ ਨਵੇਂ ਪ੍ਰਧਾਨ ਨਿਤਿਨ ਗਡਕਰੀ ਇੰਦੌਰ ਵਿਚ ਹੋਣ ਵਾਲੀ ਤਿੰਨ ਦਿਨਾ ਕੌਮੀ ਕਾਨਫਰੰਸ ਵਿਚ ਜਾਣ ਤੋਂ ਪਹਿਲਾਂ ਇਕ ਦਲਿਤ ਪਰਿਵਾਰ ਦੇ ਘਰ ਗਏ। ਉਸ ਨੇ ਨਾ ਸਿਰਫ਼ ਇਕ ਦਲਿਤ ਪਰਿਵਾਰ ਦੇ ਘਰ ਕਦਮ ਰੱਖੇ, ਸਗੋਂ ਉਹ ਦਲਿਤਾਂ ਦੇ ਮਸੀਹੇ ਡਾ. ਬੀ ਆਰ ਅੰਬੇਦਕਰ ਦੇ ਜਨਮ ਸਥਾਨ ਮਹੂ ਵਿਚ ਗਏ ਤੇ ਫੁੱਲ ਮਾਲਾ ਚੜ੍ਹਾਈ। ਭਾਜਪਾ ਦੇ ਨਿਯੁਕਤ ਕੀਤੇ ਗਏ ਇਸ ਨੌਜਵਾਨ ਪ੍ਰਧਾਨ ਨੂੰ ਸ਼ਾਇਦ ਦਲਿਤਾਂ ਪਰਿਵਾਰ ਜਾਂ ਡਾ. ਅੰਬੇਦਕਰ ਦੇ ਬੁੱਤ ਨੂੰ ਨਤਮਸਕ ਹੁੰਦਿਆਂ ਇਹ ਫੁਰਨਾ ਫੁਰਿਆ ਕਿ ਮੇਰੀ ਪਾਰਟੀ ਤਾਂ ਹੀ ਮਜ਼ਬੂਤ ਹੋ ਸਕਦੀ ਹੈ ਜੇ ਦਲਿਤਾਂ, ਆਦਿਵਾਸੀਆਂ ਅਤੇ ਘੱਟ ਗਿਣਤੀਆਂ ਵਿਚ ਇਸ ਦਾ ਆਧਾਰ ਬਣਾਇਆ ਜਾਵੇ ਅਤੇ ਇਉਂ ਕਰਨ ਤੋਂ ਬਾਅਦ ਪਾਰਟੀ ਨੂੰ ਹਿੰਦੂ ਵੋਟ ਨਾਲ 10 ਫੀਸਦੀ ਵੱਧ ਵੋਟ ਮਿਲਣ ਦੀ ਉਮੀਦ ਬਣ ਜਾਵੇਗੀ।

ਦੂਸਰੇ ਪਾਸੇ ਨਿਤਿਨ ਗਡਕਰੀ ਨੇ ਬੜੀ ਹੁਸ਼ਿਆਰੀ ਤੇ ਚੁਤਰਾਈ ਨਾਲ ਰਾਮ ਮੰਦਰ ਦਾ ਮੁੱਦਾ ਚੁੱਕ ਦਿੱਤਾ ਹੈ ਤੇ ਨਾਲ ਹੀ ਕਿਹਾ ਹੈ ਮੰਦਰ ਦਿਓ ਤੇ ਮਸਜਿਦ ਲੈ ਲਓ। ਉਹ ਮਸਜਿਦ ਦੇਣ ਵਾਲੀ ਗੱਲ ਸਭ ਨੂੰ ਪਤਾ ਹੈ ਕਿ ਬਨਾਰਸ ਵਿਚ ਮਸਜਿਦ ਨਾਲ ਜਾ ਜੁੜਦੀ ਹੈ, ਜਿਸ 'ਤੇ ਹਿੰਦੂਆਂ ਨੇ ਲੰਮੇ ਸਮੇਂ ਤੋਂ ਕਬਜ਼ਾ ਕੀਤਾ ਹੋਇਆ ਹੈ।

ਨਵੇਂ ਨਿਯੁਕਤ ਹੋਏ ਪ੍ਰਧਾਨ ਨਿਤਿਨ ਗਡਕਰੀ ਦੇ ਅਯੁਧਿਆ ਵਿਚ ਰਾਮ ਮੰਦਰ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁਸਲਮ ਭਾਈਚਾਰੇ ਨੂੰ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਰਾਹ ਸਾਫ਼ ਕਰ ਦੇਣ ਲਈ ਕਿਹਾ ਹੈ, ਵੰਗਾਰਿਆ ਵੀ ਹੈ ਕਿ ਮੈਂ ਇਸ ਮੰਚ ਤੋਂ ਆਪਣੇ ਹਿੰਦੂ ਭਰਾਵਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ ਕਹਿ ਰਿਹਾ ਹਾਂ ਕਿ ਉਹ ਮੰਦਰ ਬਨਾਉਣ ਦੇ ਕਾਰਜ ਵਿਚ ਕਿਸੇ ਤਰ੍ਹਾਂ ਦਾ ਰੋੜਾ ਨਾ ਅਟਕਾਉਣ, ਕਿਉਂਕਿ ਇਸ ਸੰਬੰਧ 'ਚ ਸਰਬਸੰਮਤੀ ਨਾਲ ਲਿਆ ਫੈਸਲਾ ਭਾਈਚਾਰੇ ਦੇ ਨਵੇਂ ਯੁੱਗ ਦਾ ਮੁੱਢ ਬੰਨੇਗਾ।

ਹਮਲਾਵਰ ਅੰਦਾਜ਼ ਵਿੱਚ ਸ਼ਿਵਸੈਨਾ ਪ੍ਰਮੁੱਖ ਬਾਲ ਠਾਕਰੇ ਨੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ 'ਤੇ ਹਮਲਾ ਬੋਲਦਿਆਂ ਕਿਹਾ ਕਿ ਰਾਮ ਮੰਦਰ ਦੇ ਲਈ ਹਿੰਦੂਆਂ ਨੇ ਆਪਣਾ ਖੂਨ ਬਹਾਇਆ ਹੈ, ਕੁਰਬਾਨੀ ਦਿੱਤੀ ਹੈ। ਬਾਬਰ ਦਾ ਅਯੁੱਧਿਆ ਨਾਲ ਕੋਈ ਸੰਬੰਧ ਨਹੀਂ ਹੈ। ਮੰਦਰ ਨਿਰਮਾਣ ਦੇ ਲਈ ਮੁਸਲਮਾਨਾਂ ਨਾਲ ਸੌਦੇਬਾਜ਼ੀ ਕਰਨਾ ਸ਼ਹੀਦ ਸੈਂਕੜੇ ਕਾਰਸੇਵਕਾਂ ਦਾ ਅਪਮਾਨ ਹੈ।

# ਸਿੱਖ ਪਰਿਵਾਰਾਂ ਦੀ ਜਾਨ ਬਚਾਉਣ ਵਾਲੇ ਥਾਣੇਦਾਰ ਜੁਗਤੀ ਰਾਮ ਨੂੰ ਮੁਅੱਤਲੀ ਦਾ 'ਇਨਾਮ' ਦਿੱਤਾ ਸਰਕਾਰ ਨੇ

ਸੋਨੀਪਤ-ਸਿੱਖ ਕਤਲੇਆਮ ਦੌਰਾਨ ਸਿੱਖ ਪਰਿਵਾਰਾਂ ਦੀ ਜਾਨ ਬਚਾਉਣ ਵਾਲੇ ਦਿੱਲੀ ਪੁਲਿਸ ਦੇ ਏ.ਐਸ.ਆਈ ਜੁਗਤੀ ਰਾਮ ਦੇ ਪਰਿਵਾਰ ਨੂੰ ਅੱਜ ਤੱਕ ਇਨਸਾਫ਼ ਦੀ ਉਡੀਕ ਹੈ। ਰਾਠਧਨਾ ਨਿਵਾਸੀ ਜੁਗਤੀ ਰਾਮ ਨੂੰ ਸਿੱਖ ਕਤਲੇਆਮ ਦੌਰਾਨ 60 ਪਰਿਵਾਰਾਂ ਦੀ ਰਾਖੀ ਕਰਨ ਬਦਲੇ ਸਨਮਾਨਿਤ ਕਰਨ ਦੀ ਥਾਂ, ਉਸ 'ਤੇ ਲਾਪ੍ਰਵਾਹੀ ਦੇ ਦੋਸ਼ ਲਾ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਅੱਠ ਸਾਲ ਬਾਅਦ ਜਦੋਂ ਉਸ ਵਿਰੁੱਧ ਕੋਈ ਦੋਸ਼ ਸਾਬਤ ਨਹੀਂ ਹੋਇਆ ਤਾਂ ਉਸ ਨੂੰ ਬਹਾਲ ਕਰ ਦਿੱਤਾ ਗਿਆ। ਇਸ ਘਟਨਾ ਦਾ ਜੁਗਤੀ ਰਾਮ ਦੇ ਦਿਮਾਗ 'ਤੇ ਡੂੰਘਾ ਅਸਰ ਪਿਆ ਤੇ ਉਹ ਚੁੱਪ ਰਹਿਣ ਲੱਗ ਪਿਆ। 2000 ਵਿਚ ਸੇਵਾ ਮੁਕਤ ਹੋਣ ਤੋਂ ਬਾਅਦ ਜੁਗਤੀ ਰਾਮ ਪਿੰਡ ਹੀ ਰਿਹਾ ਹੈ। ਉਸ ਦਾ ਪਰਿਵਾਰ ਉਸ ਦੀ ਇਸ ਹਾਲਤ ਤੋਂ ਪ੍ਰੇਸ਼ਾਨ ਹੈ ਤੇ ਇਨਸਾਫ਼ ਦੀ ਮੰਗ ਕਰ ਰਿਹਾ ਹੈ। ਪਾਂਡਵ ਨਗਰ ਦਿੱਲੀ ਦੇ ਸਤਵਿੰਦਰ ਸਿੰਘ, ਕੇਵਲ ਸਿੰਘ, ਸਾਧੂ ਸਿੰਘ, ਬੂਟਾ ਸਿੰਘ, ਰਜਿੰਦਰ ਸਿੰਘ ਨੇ ਦੱਸਿਆ ਕਿ ਜੁਗਤੀ ਰਾਮ ਨੇ ਸਾਨੂੰ ਥਾਣੇ ਵਿਚ ਪਨਾਹ ਦਿੱਤੀ ਤੇ ਹਫ਼ਤਾ ਭਰ ਉਨ੍ਹਾਂ ਦੀ ਸੁਰੱਖਿਆ ਕੀਤੀ। ਉਨ੍ਹਾਂ ਇਹ ਬਿਆਨ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੂੰ ਦਿੱਤੇ ਤਾਂ ਕਿਤੇ ਜੁਗਤੀ ਰਾਮ ਦੀ ਬਹਾਲੀ ਹੋਈ ਸੀ। ਜੁਗਤੀ ਰਾਮ ਦੇ ਪੁੱਤਰ ਅਨਿਲ ਕੁਮਾਰ ਨੇ ਦੱਸਿਆ ਕਿ ਜਦੋਂ ਕਤਲੇਆਮ ਹੋਇਆ ਤਾਂ ਉਸ ਦੇ ਪਿਤਾ ਕਲਿਆਣਪੁਰੀ ਥਾਣੇ ਵਿਚ ਤੈਨਾਤ ਸਨ। ਉਨ੍ਹਾਂ ਨੇ ਸਿੱਖ ਪਰਿਵਾਰਾਂ ਨੂੰ ਥਾਣੇ ਵਿਚ ਹੀ ਭੋਜਨ ਅਤੇ ਦਵਾਈਆਂ ਮੁਹੱਈਆ ਕਰਵਾਈਆਂ।

# ਮੈਨੂੰ ਟੀ ਬੀ ਨਹੀਂ ਹੈ : ਐਸ਼ਵਰਿਆ
## ਅਮਿਤਾਬ ਬੱਚਨ ਨੇ ਮੀਡੀਏ ਨੂੰ ਮੁਆਫ਼ੀ ਮੰਗਣ ਲਈ ਆਖਿਆ



ਮੁੰਬਈ-ਐਸ਼ਵਰੀਆ ਰਾਏ ਬੱਚਨ ਦੀ ਬੀਮਾਰੀ ਨੂੰ ਲੈ ਕੇ ਮੀਡੀਆ ਵਿੱਚ ਲੰਬੇ ਸਮੇਂ ਤੱਕ ਕਈ ਸੰਭਾਨਾਵਾਂ ਲਗਾਈਆ ਜਾ ਰਹੀਆ ਹਨ। ਇਨ੍ਹਾਂ ਖ਼ਬਰਾਂ ਤੋਂ ਦੁਖੀ ਐਸ਼ ਨੇ ਪਹਿਲੀ ਵਾਰ ਮੀਡੀਆ ਦੇ ਸਾਹਮਣੇ ਆਪਣੀ ਗੱਲ ਰੱਖੀ ਹੈ। ਐਸ਼ਵਰੀਆ ਨੇ ਕਿਹਾ ਕਿ ਮੀਡੀਆ ਵਿੱਚ ਆ ਰਹੀ ਸਾਰੀ ਖ਼ਬਰਾਂ ਅਫ਼ਵਾਹਾਂ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਉਸ ਨੂੰ ਟੀਬੀ ਹੈ ਅਤੇ ਜਿਸ ਕਾਰਨ ਕਰਕੇ ਉਹ ਮਾਂ ਨਹੀਂ ਬਣ ਸਕਦੀ। ਉਨ੍ਹਾਂ ਮੀਡੀਆ ਨਾਲ ਨਰਾਜ਼ਗੀ ਜਾਹਿਰ ਕਰਦੇ ਰੋਸ ਭਰੇ ਸ਼ਬਦਾਂ 'ਚ ਕਿਹਾ ਕਿ ਉਸ ਨੂੰ ਟੀਬੀ ਨਹੀਂ। ਉਧਰ ਬਿੱਗ ਬੀ ਅਮਿਤਾਭ ਬੱਚਨ ਨੇ ਬੀ ਬਲਾਗ ਤੇ ਟਵਿੱਟਰ ਤੇ ਮੀਡੀਏ ਨੂੰ ਖਰੀਆ ਖੋਟੀਆਂ ਸੁਣਾਉਂਦਿਆ ਐਸ਼ਵਰੀਆ ਬਾਰੇ ਝੂਠੀ ਅਫ਼ਵਾਹ ਫੈਲਾਉਣ ਲਈ ਮੁਆਫ਼ੀ ਮੰਗਣ ਲਈ ਆਖਿਆ ਹੈ।

# ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ ਦੀਆਂ ਸੰਗਤਾਂ ਨੇ ਭਗਤ ਰਵਿਦਾਸ ਜੀ ਦਾ ਜਨਮ ਦਿਵਸ ਬੜੀ ਸ਼ਰਧਾ ਨਾਲ ਮਨਾਇਆ









ਜਰਮਨ :- ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ ਦੀਆਂ ਸੰਗਤਾਂ ਨੇ ਭਗਤ ਰਵਿਦਾਸ ਜੀ ਦਾ 633 ਵਾਂ ਜਨਮ ਦਿਵਸ ਬੜੀ ਸ਼ਰਧਾ ਨਾਲ ਮਨਾਇਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਦੀਵਾਨ ਸਜਾਏ ਗਏ । ਭਾਈ ਕਮਲਜੀਤ ਸਿੰਘ ਜੀ ਮੋਹਲੀ ਵਾਲਿਆਂ ਦੇ ਕੀਰਤਨੀ ਜਥੇ ਨੇ ਗੁਰਬਾਣੀ ਦੇ ਕੀਰਤਨ ਦੁਆਰਾ ਤੇ ਭਗਤ ਰਵਿਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ । ਭਗਤ ਰਵਿਦਾਸ ਜੀ ਦੇ ਨਾਮ ਤੇ ਬਣੀ ਸੰਸਥਾਂ ਵੱਲੋ ਸ੍ਰ. ਮੱਖਣ ਸਿੰਘ ਮਹੇ ਨੇ ਭਗਤ ਰਵਿਦਾਸ ਜੀ ਦੇ ਜਨਮ ਦਿਵਸ ਦੀ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਮਾ ਦੇ ਗੁਣ ਗਾਇਨ ਕੀਤੇ ਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਸਿੱਖ ਫੈਡਰੇਸ਼ਨ ਜਰਮਨੀ ਦੇ ਆਗੂ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਭਗਤ ਰਵਿਦਾਸ ਜੀ ਦੇ ਜਨਮ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਅੱਜ ਸਾਨੂੰ ਭਗਤ ਰਵਿਦਾਸ ਜੀ ਦੇ ਗੁਰਮਤਿ ਸਿਧਾਂਤ ਨੂੰ ਸਮਝਣਾ ਚਾਹੀਦਾ ਹੈ । ਨਾ ਕਿ ਬ੍ਰਹਮਵਾਦੀ ਸੋਚ ਦੇ ਲਿਖਾਰੀਆਂ ਵੱਲੋਂ ਰਚੀਆਂ ਸਾਖੀਆਂ ਜੋ ਭਗਤ ਰਵਿਦਾਸ ਜੀ ਨੂੰ ਮੂਰਤੀ ਪੂਜਕ ਜਾਂ ਗੰਗਾਮਾਈ ਨਾਲ ਜੋੜਕੇ ਜਾਂ ਫਿਰ ਰਵਿਦਾਸ ਜੀ ਦਾ ਗੁਰੂ ਬ੍ਰਹਮਣ ਨੂੰ ਸਿੱਧ ਕਰਦੀਆਂ ਹਨ ਜਦ ਕਿ ਭਗਤ ਰਵਿਦਾਸ ਜੀ ਉਸ ਅਕਾਲ ਪੁਰਖ ਦੀ ਭਗਤੀ ਕਰਕੇ ਉਸੇ ਵਿੱਚ ਹੀ ਲੀਨ ਹੋਈ ਆਤਮਾ ਸੀ ਤੇ ਉਸ ਦਾ ਗੁਰੂ ਅਕਾਲ ਪੁਰਖ ਸੀ ਤੇ ਇਸੇ ਪ੍ਰਭੂ ਭਗਤੀ ਵਿੱਚ ਲੀਨ ਹੋਈ ਆਤਮਾਂ ਦੇ 16 ਰਾਗਾਂ ਵਿੱਚ 40 ਸ਼ਬਦ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ ਜੋ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਿਧਾਂਤ ਨਾਲ ਮੇਲ ਖਾਣ ਵਾਲੀ ਧੁਰਕੀ ਬਾਣੀ ਜਾਣ ਕੇ ਕਿਸੇ ਵੀ ਭਿੰਨ ਭੇਦ ਭਾਵ ਤੋਂ ਬਿਨ੍ਹਾਂ ਗੁਰੂ ਸਾਹਿਬਾਂ ਤੇ ਭਗਤਾਂ, ਗੁਰਸਿੱਖਾਂ ਦੀ ਬਾਣੀ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ ।

# ਐਮਨੈਸਟੀ ਦਾ ਨੈਤਿਕ ਤੌਰ 'ਤੇ ਪਤਨ ਹੋਇਆ: ਰਸ਼ਦੀ



ਲੰਡਨ-ਵਿਵਾਦਤ ਲੇਖਕ ਸਲਮਾਨ ਰਸ਼ਦੀ ਨੇ ਐਮਨੈਸਟੀ ਇੰਟਰਨੈਸ਼ਨਲ ਉਪਰ ਦੋਸ਼ ਲਗਾਇਆ ਹੈ ਕਿ ਉਸ ਨੇ ਬਰਤਾਨੀਆ ਦੇ ਇਕ ਸਾਬਕਾ ਸ਼ੱਕੀ ਅਤਿਵਾਦੀ ਨਾਲ ਕੰਮ ਕਰ ਕੇ ਨੈਤਿਕ ਪਤਨ ਦਾ ਸਬੂਤ ਦਿੱਤਾ। ਰਸ਼ਦੀ ਨੇ ਕਿਹਾ ਕਿ ਐਮਨੈਸਟੀ ਨੇ ਗੋਅੰਤਨਾਮੋ ਜੇਲ ਦੇ ਇਕ ਸਾਬਕਾ ਕੈਦੀ ਕੋਆਜ਼ਮ ਬੇਗ ਅਤੇ ਉਸ ਦੀ ਜਥੇਬੰਦੀ ਕੇਜ ਪ੍ਰਿਜ਼ਨਰਜ਼ ਨਾਲ ਸੰਬੰਧ ਜੋੜ ਕੇ ਆਪਣੀ ਸ਼ੋਹਰਤ ਉਪਰ ਨਾ ਮਿਟਣ ਵਾਲਾ ਧੱਬਾ ਲੁਆ ਲਿਆ ਹੈ। ਦੱਸਣਯੋਗ ਹੈ ਕਿ ਵਿਵਾਦਤ ਨਾਵਲ 'ਦ ਸੈਟੇਨਿਕ ਵਰਸਿਜ਼' ਲਿਖਣ ਤੋਂ ਬਾਅਦ ਜਦੋਂ ਇਰਾਨ ਨੇ ਰਸ਼ਦੀ ਨੂੰ ਮਾਰਨ ਦਾ ਫ਼ਤਵਾ ਜਾਰੀ ਕਰ ਦਿੱਤਾ ਸੀ ਤਾਂ ਐਮਨੈਸਟੀ ਇੰਟਰਨੈਸ਼ਨਲ ਨੇ ਹੀ ਉਨ੍ਹਾਂ ਦਾ ਸਮਰਥਨ ਕੀਤਾ ਸੀ। ਉਧਰ ਐਮਨੈਸਟੀ ਦੀ ਬਰਤਾਨੀਆ ਇਕਾਈ ਦੇ ਡਾਇਰੈਕਟਰ ਕੇਟ ਐਲਨ ਨੇ ਇਸ ਨਿੰਦਾ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਉਹ ਦੁਨੀਆਂ ਵਿਚ ਮਨੁੱਖੀ ਹੱਕਾਂ ਦੀ ਰਾਖੀ ਕਰਨਾ ਜਾਰੀ ਰਖਣਗੇ।